# ਵਧਾਈ ਪੱਤਰ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਦਿਆਰਥੀਆਂ ਨੂੰ ਸਾਇੰਸ, ਗਣਿਤ ਅਤੇ ਤਕਨੋਲੋਜੀ ਪ੍ਰਤੀ ਗੁਣਾਤਮਕ ਸਿੱਖਿਆ ਦੇਣ ਲਈ ਸਭ ਰਾਜਾਂ ਤੋਂ ਮੋਹਰੀ ਹੋ ਕੇ ਲਗਾਤਾਰ ਉਪਰਾਲੇ ਕਰ ਰਿਹਾ ਹੈ। ਇਹਨਾਂ ਉਪਰਾਲਿਆਂ ਦੀ ਕੜੀ ਵਿੱਚ ਭਾਰਤ ਸਰਕਾਰ ਸਾਇੰਸ ਅਤੇ ਤਕਨੋਲੋਜੀ, ਵਿਭਾਗ ਦੇ ਸਹਿਯੋਗ ਨਾਲ ਇੰਸਪਾਇਰ ਐਵਾਰਡ ਸਕੀਮ ਅਧੀਨ ਮਿਤੀ 29.05.2013 ਤੋਂ 31.05.2013 ਤੱਕ ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਸ਼ਹੀਦ ਭਗਤ ਸਿੰਘ ਨਗਰ ਵਿਖੇ ਲਗਾਈ ਗਈ। ਜਿਸ ਵਿੱਚ ਵੱਖ-ਵੱਖ ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਦੇ 486 ਜੇਤੂ ਵਿਦਿਆਰਥੀਆਂ, ਉਹਨਾਂ ਦੇ ਸਾਇੰਸ/ਗਾਈਡ ਅਧਿਆਪਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਵੱਲੋਂ ਆਪਣੀ ਸਿਰਜਣਾਤਮਕ ਵਿਗਿਆਨਕ ਸੋਚਾਂ ਨੂੰ ਮਾਡਲਾਂ ਰਾਹੀਂ ਦਰਸਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਗਈ ਸੀ। ਅਧਿਆਪਕਾਂ ਤੇ ਵਿਦਿਆਰਥੀਆਂ ਦੀ ਤਿਆਰੀ ਕਾਬਲੇ ਤਾਰੀਫ ਸੀ।

ਇਸ ਲਈ ਸ਼ਹੀਦ ਭਗਤ ਸਿੰਘ ਨਗਰ ਵਿਖੇ ਰਾਜ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀ ਅਤੇ ਗਾਈਡ ਅਧਿਆਪਕ ਵਧਾਈ ਦੇ ਪਾਤਰ ਹਨ। ਪ੍ਰਦਰਸ਼ਨੀ ਵਿੱਚ ਡਿਪਾਰਟਮੈਂਟ ਆਫ ਸਾਇੰਸ ਤਕਨੋਲੋਜੀ ਵੱਲੋਂ ਆਏ ਉੱਘੇ ਸਾਇੰਸਦਾਨ ਵੀ ਪੰਜਾਬ ਦੇ ਉਭਰਦੇ ਸਾਇੰਸਦਾਨਾਂ ਦੀ ਖੋਜਾਂ ਦੇਖ ਕੇ ਦੰਗ ਰਹਿ ਗਏ ਅਤੇ ਭਵਿੱਖ ਵਿੱਚ ਸਾਇੰਸਦਾਨ ਬਣਨ ਦੀ ਵੱਡੀ ਆਸ ਲਗਾਈ ਗਈ। ਰਾਜ ਪੱਧਰੀ ਪ੍ਰਦਰਸ਼ਨੀ ਵਿੱਚ ਪੰਜਾਬ ਰਾਜ ਭਰ ਦੇ 25 ਵਿਦਿਆਰਥੀ ਕੌਮੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਲਈ ਚੁਣੇ ਗਏ। ਜਿਸ ਵਿੱਚੋਂ 22 ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਖਾਸ ਕਰਕੇ ਪੇਂਡੂ ਖੇਤਰ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਇਹ ਸਨਮਾਨ ਪ੍ਰਾਪਤ ਹੋਇਆ ਹੈ ਅਤੇ ਪ੍ਰਾਈਵੇਟ/ਏਡਿਡ ਸਕੂਲਾਂ ਦੇ ਵਿਦਿਆਰਥੀਆਂ ਨੇ ਤਿੰਨ ਸਥਾਨ ਪ੍ਰਾਪਤ ਕੀਤੇ। ਇਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਦੇ ਵਿਦਿਆਰਥੀ ਆਪਣੀ ਲੋਕਲ ਮੁਸ਼ਕਲਾਂ, ਬਿਜਲੀ ਸੰਕਟ, ਊਰਜਾ, ਖੇਤੀ ਵਿਭਿੰਨਤਾ, ਪ੍ਰਦੂਸ਼ਣ ਦੀ ਸਮੱਸਿਆ, ਕੁਦਰਤੀ ਆਫਤਾਂ ਤੇ ਛੇਤੀ ਹੀ ਆਪਣੀਆਂ ਖੋਜਾਂ ਨਾਲ ਕਾਬੂ ਪਾ ਲੈਣਗੇ ਅਤੇ ਭਾਰਤ ਨੂੰ ਬਾਹਰਲੇ ਦੇਸ਼ਾਂ ਦੀ ਤਕਨੋਲੋਜੀ ਵੱਲ ਤੱਕਣਾ ਨਹੀਂ ਪਵੇਗਾ। ਮਾਣਯੋਗ ਸਿੱਖਿਆ ਮੰਤਰੀ ਪੰਜਾਬ, ਸ. ਸਿਕੰਦਰ ਸਿੰਘ ਮਲੂਕਾ ਵੱਲੋਂ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਹੋਰ ਵੀ ਉਤਸ਼ਾਹਿਤ ਕੀਤਾ ਅਤੇ ਸਮੇਂ ਦੀ ਲੋੜ ਮੁਤਾਬਿਕ ਆਪਣੀਆਂ ਲੋੜਾਂ ਨੂੰ ਸਮਝਣ ਅਤੇ ਭਵਿੱਖ ਦੀ ਤਿਆਰੀ ਲਈ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕੌਮੀ ਪੱਧਰ ਤੇ ਜਿੱਤਣ ਲਈ ਸ਼ੁੱਭ ਇਛਾਵਾਂ ਦਿੱਤੀਆਂ।

ਇਸ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਡੀ.ਈ.ਓ.(ਸੈ.ਸਿ), ਅਧਿਆਪਕਾਂ, ਇਲਾਕਾ ਨਿਵਾਸੀਆਂ ਅਤੇ ਡੀ.ਸੀ. , ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਾਇੰਸ ਦੀ ਪੜ੍ਹਾਈ ਨੂੰ ਵਧਾਵਾ ਦੇਣ ਲਈ ਪ੍ਰਬੰਧਨ ਵਿੱਚ ਦਿਖਾਇਆ ਗਿਆ ਉਤਸ਼ਾਹ ਵੀ ਕਾਬਿਲੇ ਤਾਰੀਫ ਰਿਹਾ ਹੈ।


ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ